# ਸਮੇਂ ਦੀ ਲੋੜ ਹੈ ਮਿਆਰੀ ਸਿੱਖਿਆ

ਕੁਆਲਿਟੀ ਸਿੱਖਿਆ 'ਤੇ ਹੀ ਬੰਦੇ, ਪਿੰਡ, ਸ਼ਹਿਰ ਜਾਂ ਰਾਜ ਦਾ ਵਿਕਾਸ ਨਿਰਭਰ ਹੁੰਦਾ ਹੈ। ਦੇਸ਼ ਦੇ ਵਿਕਾਸ ਦੀ ਕਹਾਣੀ ਉਸ ਦੇ ਸਕੂਲਾਂ ਵਿਚ ਲਿਖੀ ਜਾਂਦੀ ਹੈ। ਮਾੜੀ, ਅੱਧੀ-ਅਧੂਰੀ ਜਾਂ ਗ਼ਲਤ ਸਿੱਖਿਆ ਰਾਜ ਦੇ ਪਤਨ ਵੱਲ ਜਾ ਰਹੇ ਰੁਝਾਨ ਦਾ ਸੂਚਕ ਹੁੰਦੀ ਹੈ। ਜੇ ਗਿਆਨਵਾਨ, ਸੁਚੱਜੇ ਅਤੇ ਇਖ਼ਲਾਕ ਦੇ ਮਜ਼ਬੂਤ ਸ਼ਹਿਰੀ ਪੈਦਾ ਕਰਨੇ ਹਨ ਤੇ ਜੇ ਪੰਜਾਬ ਨੇ ਖ਼ੁਸ਼ਹਾਲ ਤੇ ਸ਼ਾਂਤੀ ਵਾਲਾ ਪ੍ਰਾਂਤ ਬਣਨਾ ਹੈ ਤਾਂ ਇਸ ਗੁਣਵਤਾ ਭਰਪੂਰ ਜਾਂ ਮਿਆਰੀ ਸਿੱਖਿਆ ਦੇਣ ਦਾ ਯਤਨ ਕਰਨਾ ਚਾਹੀਦਾ ਹੈ।

ਮਿਆਰੀ ਸਿੱਖਿਆ ਲਈ ਛੇ ਗੱਲਾਂ ਬੜੀਆਂ ਜ਼ਰੂਰੀ ਹਨ। ਵਧੀਆ ਅਧਿਆਪਕ, ਵਧੀਆ ਇਮਾਰਤ, ਸਾਜ਼ੋ-ਸਾਮਾਨ, ਲਾਇਬ੍ਰੇਰੀ, ਪ੍ਰਯੋਗਸ਼ਾਲਾ, ਖੇਡ ਦਾ ਮੈਦਾਨ, ਪਖਾਨੇ ਆਦਿ ਦੀ ਸਹੂਲਤ, ਫਰਨੀਚਰ ਅਤੇ ਪੀਣ ਵਾਲੇ ਪਾਣੀ ਦਾ ਸੰਤੋਸ਼ਜਨਕ ਪ੍ਰਬੰਧ, ਵਧੀਆ ਸਿੱਖਿਆ ਕ੍ਰਮ-ਕਿਤਾਬਾਂ ਆਦਿ, ਵਧੀਆ ਮਾਹੌਲ ਅਰਥਾਤ ਸਕੂਲ ਦਾ ਚੁਗਿਰਦਾ ਸੋਹਣਾ ਤੇ ਸਾਫ ਹੋਵੇ, ਸੁਰੱਖਿਅਤ ਹੋਵੇ ਤੇ ਪ੍ਰੇਰਨਾਦਾਇਕ ਹੋਵੇ, ਅਧਿਆਪਕ-ਮਾਪਾ ਸਬੰਧ, ਚੰਗਾ ਸਕੂਲ ਪ੍ਰਬੰਧ ਪ੍ਰਸ਼ਾਸਨ। ਕਿਸੇ ਜ਼ਮਾਨੇ ਵਿਚ ਇਹ ਕਿਹਾ ਜਾਂਦਾ ਸੀ ਕਿ ਸਮੁੱਚੀ ਸਿੱਖਿਆ ਅਧਿਆਪਕ ਦੇ ਦੁਆਲੇ ਘੁੰਮਦੀ ਹੈ ਪਰ ਅੱਜ ਸਿੱਖਿਆ ਦੇ ਖੇਤਰ ਵਿਚ ਸਾਜ਼ੋ-ਸਾਮਾਨ ਅਤੇ ਵਾਤਾਵਰਨ ਜਾਂ ਮਾਹੌਲ ਨੂੰ ਅਧਿਆਪਕ ਜਿੰਨੀ ਹੀ ਅਹਿਮੀਅਤ ਦੇਣਾ ਜ਼ਰੂਰੀ ਹੋ ਗਿਆ ਹੈ ਅਰਥਾਤ ਸਕੂਲਾਂ ਨੂੰ ਕੇਵਲ ਟੀਚਰ ਦੇਣਾ ਹੀ ਕਾਫ਼ੀ ਨਹੀਂ, ਉਨ੍ਹਾਂ ਨੂੰ ਆਧੁਨਿਕ ਅਧਿਆਪਨ ਵਿਧੀ ਤੇ ਭਿੰਨ-ਭਿੰਨ ਸਹਾਇਕ ਸਮੱਗਰੀ ਤੇ ਚੰਗੇ ਇਖ਼ਲਾਕ ਨਾਲ ਲੈਸ ਕਰਨਾ ਬੜਾ ਜ਼ਰੂਰੀ ਹੈ। ਗੁਣਵਤਾ ਭਰਪੂਰ ਜਾਂ ਮਿਆਰੀ ਸਿੱਖਿਆ ਉਸ ਸਿੱਖਿਆ ਨੂੰ ਕਿਹਾ ਜਾ ਸਕਦਾ ਹੈ ਜੋ ਸਿੱਖਿਆ ਦੇ ਉਦੇਸ਼ਾਂ ਦੀ ਪੂਰਤੀ ਕਰੇ। ਸੰਖੇਪ ਵਿਚ ਸਿੱਖਿਆ ਦਾ ਉਦੇਸ਼ ਹੈ ਵਿਦਿਆਰਥੀਆਂ ਦੀਆਂ ਸੰਭਾਵਨਾਵਾਂ, ਸਮਰਥਾਵਾਂ ਤੇ ਯੋਗਤਾਵਾਂ ਨੂੰ ਪਛਾਣਨਾ ਤੇ ਉਨ੍ਹਾਂ ਦੇ ਸੰਪੂਰਨ ਵਿਕਾਸ ਲਈ ਯਤਨ ਕਰਨਾ। ਬੱਚਿਆਂ ਦੇ ਰੁਝਾਨਾਂ ਅਤੇ ਰਵੱਈਏ ਤੋਂ ਉਨ੍ਹਾਂ ਦੀਆਂ ਵਿਲੱਖਣਤਾਵਾਂ ਦਾ ਪਤਾ ਲਗਾਇਆ ਜਾ ਸਕਦਾ ਹੈ। ਸਕੂਲੀ ਪੜ੍ਹਾਈ ਦੇ ਨਾਲ-ਨਾਲ ਬੱਚੇ ਦੀਆਂ ਪ੍ਰਤਿਭਾਵਾਂ ਨੂੰ ਵਿਕਸਤ ਕਰਨਾ ਸਕੂਲ ਦਾ ਜਾਂ ਸਿੱਖਿਆ ਦਾ ਧਰਮ ਹੈ।
ਬੇਕਨ ਲਿਖਦਾ ਹੈ ਕਿ ਉਸ ਨੂੰ ਸਿੱਖਿਆ ਨਹੀਂ ਕਿਹਾ ਜਾ ਸਕਦਾ ਜੋ ਰੋਟੀ ਨਹੀਂ ਦਿੰਦੀ ਅਰਥਾਤ ਕਿੱਤੇ ਦੀ ਸਿੱਖਿਆ ਵੀ ਸਿੱਖਿਆ ਦਾ ਅਟੁੱਟ ਅੰਗ ਹੈ।

ਜ਼ਾਹਰ ਹੈ ਕਿ ਸਾਡੀ ਅੱਜ ਦੀ ਸਿੱਖਿਆ ਪ੍ਰਣਾਲੀ ਜੋ ਕੇਵਲ ਗਿਆਨ ਜਾਂ ਜਾਣਕਾਰੀ ਦੀ ਸਿੱਖਿਆ ਦੇਣ ਦਾ ਯਤਨ ਕਰਦੀ ਹੈ ਤੇ ਅਜਿਹਾ ਕਰਨ ਵਿਚ ਵੀ ਸਫ਼ਲ ਨਹੀਂ ਹੋ ਰਹੀ, ਹਰ ਪੱਖ ਤੋਂ ਅਧੂਰੀ ਤੇ ਨੀਵੇਂ ਪੱਧਰ ਦੀ ਹੈ। ਨਾ ਸਾਡੇ ਕੋਲ ਇਮਾਨਦਾਰ, ਪ੍ਰਤੀਬੱਧਤਾ ਵਾਲੇ ਯੋਗ ਟੀਚਰ ਹਨ, ਨਾ ਸਕੂਲਾਂ ਕੋਲ ਇਮਾਰਤਾਂ ਤੇ ਲੋੜੀਂਦਾ ਸਾਜ਼ੋ-ਸਾਮਾਨ ਹੈ, ਨਾ ਵਿਦਿਅਕ ਸਹੂਲਤਾਂ ਹਨ, ਨਾ ਹੀ ਚੰਗੇ ਪਾਠਕ੍ਰਮ, ਚੰਗੀਆਂ ਪਾਠ ਪੁਸਤਕਾਂ ਹਨ, ਨਾ ਮੁਲਾਂਕਣ ਵਿਧੀ ਸਹੀ ਹੈ, ਨਾ ਹੀ ਉੱਤਮ ਦਰਜੇ ਦਾ ਪ੍ਰਸ਼ਾਸਨ ਜਾਂ ਪ੍ਰਬੰਧ ਹੈ, ਨਿਗਰਾਨੀ ਅਤੇ ਨਿਰੀਖਣ ਤਾਂ ਬਿਲਕੁਲ ਹੀ ਨਹੀਂ ਹੈ। ੭੦-੭੫ ਫ਼ੀਸਦੀ ਸਕੂਲਾਂ ਨੂੰ ਤਾਂ ਸਕੂਲ ਕਹਿੰਦਿਆਂ ਹੀ ਸ਼ਰਮ ਆਉਂਦੀ ਹੈ। ਸਰਕਾਰ ਧੜਾਧੜਾ ਈ. ਟੀ. ਟੀ. ਅਤੇ ਬੀ. ਐੱਡ. ਦੇ ਕਾਲਜ ਖੋਲ੍ਹੀ ਜਾ ਰਹੀ ਹੈ, ਭੱਠਿਆਂ ਦੀਆਂ ਇੱਟਾਂ ਵਾਂਗ ਹੀ ਕੱਚ-ਪਿੱਲੇ ਟੀਚਰ ਤਿਆਰ ਕੀਤੇ ਜਾ ਰਹੇ ਹਨ। ਸਰਕਾਰ ਦਾ ਪਹਿਲਾ ਫਰਜ਼ ਹੈ ਸਕੂਲਾਂ ਲਈ ਵਧੀਆ ਟੀਚਰ ਤਿਆਰ ਕਰਨਾ ਤੇ ਉਨ੍ਹਾਂ ਨੂੰ ਮਿਆਰੀ ਸਿੱਖਿਆ ਦੇ ਅਰਥਾਂ ਤੇ ਉਦੇਸ਼ਾਂ ਤੋਂ ਜਾਣੂ ਕਰਵਾਉਣਾ।

### ਉਪਰ ਕੀਤੀ ਚਰਚਾ ਦੀ ਪਿਠਭੂਮੀ ਵਿਚ ਕਰਨਾ ਕੀ ਚਾਹੀਦਾ ਹੈ?

ਸਭ ਤੋਂ ਪਹਿਲੀ ਲੋੜ ਇਸ ਗੱਲ ਵਿਚ ਯਕੀਨ ਰੱਖਣ ਦੀ ਹੈ ਕਿ ਥੁੱਕ ਨਾਲ ਵੜੇ ਨਹੀਂ ਪਕਾਏ ਜਾ ਸਕਦੇ। ਸਿੱਖਿਆ ਉੱਤੇ ਪੈਸਾ ਖਰਚ ਕਰਨਾ, ਨਿਵੇਸ਼ ਸਮਝਣਾ ਚਾਹੀਦਾ ਹੈ। ਪੰਜਾਬ ਸਰਕਾਰ ਘਰੇਲੂ ਆਮਦਨ ਦਾ ਕੇਵਲ ੩.੭ ਫ਼ੀਸਦੀ ਸਿੱਖਿਆ ਉੱਤੇ ਖਰਚ ਕਰ ਰਹੀ ਹੈ ਜਦੋਂ ਕਿ ਕੋਠਾਰੀ ਕਮਿਸ਼ਨ (੧੯੬੬) ਅਤੇ ਅੰਤਰਰਾਸ਼ਟਰੀ ਸਿੱਖਿਆ ਕਮਿਸ਼ਨ (੧੯੯੬) ਵਾਰ-ਵਾਰ ਕਹਿ ਚੁੱਕੇ ਹਨ ਕਿ ਘਰੇਲੂ ਆਮਦਨ ਦਾ ਘੱਟ ਤੋਂ ਘੱਟ ੬ ਫ਼ੀਸਦੀ ਹਿੱਸਾ ਸਿੱਖਿਆ ਨੂੰ ਦੇਣਾ ਚਾਹੀਦਾ ਹੈ। ਪੰਜਾਬ ਐਲੀਮੈਂਟਰੀ ਸਿੱਖਿਆ ਉੱਤੇ ਕੁੱਲ ਵਿਦਿਅਕ ਬਜਟ ਦਾ ੨੮ ਫ਼ੀਸਦੀ ਹਿੱਸਾ ਖਰਚ ਕਰ ਰਿਹਾ ਹੈ ਜਦੋਂ ਕਿ ਹੋਰਨਾਂ ਸਾਰੇ ਰਾਜਾਂ ਵਿਚ ਐਲੀਮੈਂਟਰੀ ਸਿੱਖਿਆ ਨੂੰ ੫੦-੬੦ ਫ਼ੀਸਦੀ ਬਜਟ ਦਿੱਤਾ ਜਾਂਦਾ ਹੈ। ਪੰਜਾਬ ਸਰਕਾਰ ਦਾ ੬੪ ਫ਼ੀਸਦੀ ਬਜਟ ਸੈਕੰਡਰੀ ਸਿੱਖਿਆ ਉੱਤੇ ਖਰਚ ਹੁੰਦਾ ਹੈ ਜਦੋਂ ਕਿ ਹੋਰਨਾਂ ਰਾਜਾਂ ਵਿਚ ਸੈਕੰਡਰੀ ਸਿੱਖਿਆ ਨੂੰ ੩੬ ਫ਼ੀਸਦੀ ਬਜਟ ਹੀ ਮਿਲਦਾ ਹੈ। ਇਸ ਦਾ ਕਾਰਨ ਇਹ ਹੈ ਕਿ ਐਲੀਮੈਂਟਰੀ ਸਿੱਖਿਆ ਸਰਕਾਰ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ ਤੇ ਸੈਕੰਡਰੀ ਸਿੱਖਿਆ ਵਿਚ ਨਿੱਜੀ ਭਾਈਵਾਲੀ ਕਾਫ਼ੀ ਵੱਡੇ ਅਨੁਪਾਤ ਵਿਚ ਮਿਲ ਸਕਦੀ ਹੈ। ਸਚਾਈ ਇਹ ਹੈ ਕਿ ਬਜਟ ਦਾ ਵੱਡਾ ਹਿੱਸਾ ਸ਼ਹਿਰੀ ਸੰਸਥਾਵਾਂ ਅਤੇ ਯੂਨੀਵਰਸਿਟੀਆਂ 'ਤੇ ਖਰਚ ਹੁੰਦਾ ਹੈ। ਦਿਹਾਤੀ ਸਿੱਖਿਆ ਨੂੰ ਜਿਸ ਦਾ ਹਿੱਸਾ ੭੦-੭੨ ਫ਼ੀਸਦੀ ਹੋਣਾ ਚਾਹੀਦਾ ਹੈ, ਬਜਟ ਦਾ ੩੦ ਫ਼ੀਸਦੀ ਵੀ ਨਹੀਂ ਮਿਲਦਾ। ਪੇਂਡੂ ਸਿੱਖਿਆ ਅਤੇ ਸ਼ਹਿਰੀ ਸਿੱਖਿਆ ਦੇ ਬਜਟ ਅੱਡੋ-ਅੱਡਰੇ ਹੋਣੇ ਚਾਹੀਦੇ ਹਨ। ਇਹ ਇਕ ਕੌੜੀ ਸਚਾਈ ਹੈ ਕਿ ਪੇਂਡੂ ਵਿਦਿਆਰਥੀਆਂ ਦੀ ਉਚੇਰੀ

ਸਿੱਖਿਆ ਵਿਚ ਤਬਦੀਲੀ ਕੇਵਲ ੪ ਫ਼ੀਸਦੀ ਹੈ। ਜ਼ਾਹਰ ਹੈ ਕਿ ੯੬ ਫ਼ੀਸਦੀ ਪੈਸਾ ਸ਼ਹਿਰੀ ਬੱਚਿਆਂ 'ਤੇ ਹੀ ਖਰਚ ਹੁੰਦਾ ਹੈ। ਸੋ, ਮਿਆਰੀ ਸਿੱਖਿਆ ਯਕੀਨੀ ਬਣਾਉਣ ਲਈ ਬਜਟ ਨੂੰ ਸੰਤੁਲਤ ਕਰਨ ਦੀ ਲੋੜ ਹੈ।

ਟੀਚਰਾਂ ਦੀ ਭਰਤੀ ਲਈ ਐਲੀਮੈਂਟਰੀ, ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਾਸਤੇ ਯੂ. ਜੀ. ਸੀ. ਵਾਂਗ ਹੀ ਸਟੇਟ ਟੈਸਟਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਜਿਹੜੇ ਟੀਚਰ ਇਹ ਟੈਸਟ ਪਾਸ ਕਰਦੇ ਹਨ, ਉਨ੍ਹਾਂ ਨੂੰ ਹੀ ਸਕੂਲਾਂ ਵਿਚ ਨਿਯੁਕਤ ਕਰਨਾ ਚਾਹੀਦਾ ਹੈ। ਅਜਿਹਾ ਟੈਸਟ ਲੈਣ ਲਈ ਐਨ. ਸੀ. ਈ. ਆਰ. ਟੀ. ਦੀ ਸਹਾਇਤਾ ਲਈ ਜਾ ਸਕਦੀ ਹੈ। ਸਾਰੇ ਸਰਕਾਰੀ ਤੇ ਗ਼ੈਰ-ਸਰਕਾਰੀ ਸਕੂਲਾਂ ਦਾ ਸਰਵੇਖਣ ਕਰਕੇ ਸਕੂਲਾਂ ਦੇ ਏ, ਬੀ, ਸੀ ਅਤੇ ਡੀ ਗ੍ਰੇਡ ਨਿਰਧਾਰਿਤ ਕਰਨੇ ਚਾਹੀਦੇ ਹਨ, ਹੌਲੀ-ਹੌਲੀ ਹਰ ਸਕੂਲ ਵਿਚ ਮੁਢਲੇ ਢਾਂਚੇ ਵਿਚ ਸੁਧਾਰ ਲਿਆਉਣ ਦੀ ੫ ਸਾਲਾ ਯੋਜਨਾ ਬਣਾਉਣੀ ਚਾਹੀਦੀ ਹੈ। ਰਾਜ ਦੇ ਸਾਰੇ ਟੀਚਰਾਂ ਦੀ ਵੀ ਗਰੇਡਿੰਗ ਕਰਨੀ ਲਾਜ਼ਮੀ ਹੈ। ਡੀ ਗ੍ਰੇਡ ਟੀਚਰਾਂ ਨੂੰ ਤਾਂ ਛੁੱਟੀ ਕਰਨਾ ਹੀ ਵਾਜਿਬ ਰਹੇਗਾ। ਏ, ਬੀ ਅਤੇ ਸੀ ਗ੍ਰੇਡ ਦੇ ਟੀਚਰਾਂ ਨੂੰ ਸਟੇਟ ਟੈਸਟ ਵਿਚ ਬੈਠਣ ਦੇ ਹੁਕਮ ਦੇਣੇ ਚਾਹੀਦੇ ਹਨ ਤਾਂ ਜੋ ਵੇਖਿਆ ਜਾ ਸਕੇ ਤੇ ਯਕੀਨੀ ਬਣਾਇਆ ਜਾ ਸਕੇ ਕਿ ਅਧਿਆਪਕ ਆਧੁਨਿਕ ਸਮੇਂ ਦੀਆਂ ਵੰਗਾਰਾਂ ਦਾ ਟਾਕਰਾ ਕਰਨ ਦੇ ਯੋਗ ਹਨ ਕਿ ਨਹੀਂ। ਆਹਰ ਜ਼ਿਲ੍ਹੇ, ਹਰ ਬਲਾਕ ਤੇ ਹਰ ਸਕੂਲ ਨੂੰ ਸਾਲਾਨਾ ਟੀਚੇ ਦਿੱਤੇ ਜਾਣ। ਜਿਹੜਾ ਸਕੂਲ, ਜਿਹੜਾ ਟੀਚਰ, ਜਿਹੜਾ ਬਲਾਕ ਸਿੱਖਿਆ ਅਫਸਰ ਤੇ ਜਿਹੜਾ ਡੀ. ਪੀ. ਆਈ. ਸਾਲਾਨਾ ਟੀਚੇ ਪ੍ਰਾਪਤ ਨਹੀਂ ਕਰਦਾ ਤੇ ਸਰਕਾਰ ਅਤੇ ਭਾਈਚਾਰੇ ਤੋਂ ਮਦਦ ਲੈ ਕੇ ਸਕੂਲ ਦੀਆਂ ਲੋੜਾਂ ਪੂਰੀਆਂ ਕਰਨ ਦਾ ਯਤਨ ਨਹੀਂ ਕਰਦਾ, ਉਸ ਦੀ ਤਰੱਕੀ 'ਤੇ ਰੋਕ ਲਗਾਈ ਜਾਵੇ, ਜਿਹੜੇ ਟੀਚੇ ਪੂਰੇ ਕਰਦੇ ਹਨ, ਉਨ੍ਹਾਂ ਤੋਂ ਵੀ ੫੦-੬੦ ਫ਼ੀਸਦੀ ਉਪਰ ਜਾਂਦੇ ਹਨ, ਉਨ੍ਹਾਂ ਨੂੰ ਅਗਾਊਂ ਤਰੱਕੀ ਦਿੱਤੀ ਜਾਵੇ।

ਸਰਕਾਰ ਨੂੰ ਕੁਆਲਿਟੀ ਸਿੱਖਿਆ ਦੀ ਪ੍ਰਾਪਤੀ ਲਈ ਭਿੰਨ-ਭਿੰਨ ਖੇਤਰਾਂ-ਇਮਾਰਤਾਂ, ਟੀਚਰ, ਸਾਜ਼ੋ-ਸਾਮਾਨ, ਸਹਾਇਕ ਸਮੱਗਰੀਆਂ, ਪੁਸਤਕਾਲਿਆਂ, ਲੈਬਜ਼, ਵਿਦਿਆਰਥੀ ਸਰਗਰਮੀਆਂ ਤੇ ਸਾਲਾਨਾ ਨਤੀਜਿਆਂ ਦੇ ਨਿਯਮ ਤਿਆਰ ਕਰਕੇ ਸਕੂਲਾਂ ਨੂੰ ਦੇਣੇ ਚਾਹੀਦੇ ਹਨ ਤਾਂ ਜੋ ਸਕੂਲਾਂ ਦੀਆਂ ਥੁੜਾਂ ਪੂਰੀਆਂ ਕੀਤੀਆਂ ਜਾਣ।ਸਕੂਲ ਵਧੀਆ ਕਿਸਮ ਦੇ ਹੋਣੇ ਚਾਹੀਦੇ ਹਨ। ਆਦਰਸ਼ ਸਕੂਲਾਂ ਦੀ ਸਕੀਮ ਨੂੰ ਵੀ ਮਿਆਰੀ ਸਕੂਲਾਂ ਦੀ ਵਿਉਂਤ ਦੇ ਅਧੀਨ ਲਿਆਉਣਾ ਚਾਹੀਦਾ ਹੈ ਤੇ ੫ ਕੁ ਸਾਲਾਂ ਵਿਚ ਪ੍ਰਾਂਤ ਦੇ ਸਾਰੇ ਸਕੂਲ ਮਿਆਰੀ ਸਕੂਲ ਹੋਣੇ ਚਾਹੀਦੇ ਹਨ। ਸਰਕਾਰ ਨੂੰ ਨਿੱਜੀ ਅਦਾਰਿਆਂ, ਉਦਯੋਗਪਤੀਆਂ, ਦਾਨੀ ਪੁਰਸ਼ਾਂ, ਉੱਚ ਅਧਿਕਾਰੀਆਂ, ਪ੍ਰਵਾਸੀ ਭਾਰਤੀਆਂ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਦੀ ਮਦਦ ਲੈਣੀ ਚਾਹੀਦੀ ਹੈ। ਜਿਹੜੇ ਹੈੱਡਮਾਸਟਰ ਲੋਕਾਂ ਦਾ ਸਹਿਯੋਗ ਪ੍ਰਾਪਤ ਕਰਕੇ ਸਰਕਾਰ ਦੀ ਮਦਦ ਤੋਂ ਬਿਨਾਂ ਸਾਧਾਰਨ ਸਕੂਲ ਨੂੰ ਮਿਆਰੀ ਸਕੂਲ ਵਿਚ ਤਬਦੀਲ ਕਰਨ ਵਿਚ ਤੇ ਵਧੀਆ ਨਤੀਜੇ ਵਿਖਾਉਣ ਵਿਚ ਸਫਲ ਹੋ ਜਾਂਦੇ ਹਨ, ਉਨ੍ਹਾਂ ਨੂੰ ਸ਼ਲਾਘਾ ਪੱਤਰ ਤੇ ਅਗਾਊਂ ਤਰੱਕੀਆਂ ਦੇਣੀਆਂ ਚਾਹੀਦੀਆਂ ਹਨ। ਚੰਗੀ ਸਿੱਖਿਆ ਲਈ ਨਿੱਜੀ-ਜਨਤਕ ਸਹਿਯੋਗ ਬਹੁਤ ਜ਼ਰੂਰੀ ਹੈ। ਅਧਿਆਪਕ ਜਥੇਬੰਦੀਆਂ ਨੂੰ ਇਸ ਕੰਮ ਵਿਚ ਵਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ।

(ਡਾ:) ਟੀ. ਆਰ. ਸ਼ਰਮਾ

-157-ਡੀ, ਮਾਡਲ ਟਾਊਨ, ਪਟਿਆਲਾ।